पी एम श्री स्कूल, जवाहर नवोदय विद्यालय
शिक्षा मंत्रालय, भारत सरकार
(स्कूल शिक्षा और साक्षरता विभाग)
टियोना पुजारियां, जिला बठिण्डा (पंजाब)
फोन नं. ०१६५५-२६६१०३, २६६५५८

PM Shri school, Jawahar Navodaya Vidyalaya
Ministry of Education, Govt. Of India.
(Department of School Education & Literacy)
Teona Pujarian, Distt. Bathinda(Pb.)
Ph.No. 01655-266103, 266558

सीबीएसई स्कूल कोड 24511, Email ID: jnvbathinda@gmail.com
Web URL address: https://navodaya.gov.in/nvs/nvs-school/Bathinda/en/home/

ਸ-7
2026/12292
7/9/2026

क.सं/2020-21/ ज.न.व.बठिंडा..14.9....195 ਮਿਤੀ: 07.09.2026

ਵੱਲ :

ਜ਼ਿਲ੍ਹਾ ਸਿੱਖਿਆ ਅਫ਼ਸਰ
ਮਿੰਨੀ ਸਕੱਤਰੇਤ,
ਬਠਿੰਡਾ ।

ਵਿਸ਼ਾ : ਪੀ. ਐੱਮ. ਸ੍ਰੀ ਸਕੂਲ ਜਵਾਹਰ ਨਵੋਦਿਆ ਵਿਦਿਆਲਿਆ ਵਿੱਚ ਨੌਵੀ ਤੇ ਗਿਆਰਵੀ ਜਮਾਤ ਦੇ ਦਾਖਲੇ ਲਈ ਦਾਖਲਾ ਪ੍ਰਵੇਸ਼ ਪ੍ਰੀਖਿਆ -2027 ਦੇ ਆਨਲਾਈਨ ਫਾਰਮਾਂ ਸੰਬੰਧੀ ।

ਸ੍ਰੀਮਾਨ ਜੀ,

ਬੇਨਤੀ ਹੈ ਕਿ ਪੀ. ਐੱਮ. ਸ੍ਰੀ ਸਕੂਲ ਜਵਾਹਰ ਨਵੋਦਿਆ ਵਿਦਿਆਲਿਆ ਤਿਉਣਾ ਪੁਜਾਰੀਆਂ ਵਿੱਚ ਵਿਦਿਅਕ ਵਰ੍ਹੇ 2027-28 ਲਈ ਨੌਵੀਂ ਤੇ ਗਿਆਰਵੀਂ ਜਮਾਤ ਵਿੱਚ ਖਾਲੀ ਪਈਆਂ ਸੀਟਾਂ ਦੇ ਦਾਖਲੇ ਲਈ ਦਾਖਲਾ ਪ੍ਰਵੇਸ਼ ਪ੍ਰੀਖਿਆ-2027 ਦੇ ਆਨਲਾਈਨ ਫਾਰਮ ਹੇਠਾਂ ਦਿੱਤੇ ਲਿੰਕ 'ਤੇ ਭਰੇ ਜਾ ਰਹੇ ਹਨ :

For class IX: https://cbseitms.nic.in/2026/nvsix_9 For class XI: https://cbseitms.nic.in/2025/nvsxi_11

ਨੌਵੀ ਜਮਾਤ ਲਈ ਫਾਰਮ ਭਰਨ ਦੇ ਚਾਹਵਾਨ ਪ੍ਰੀਖਿਆਰਥੀ ਦੀ ਉਮਰ 01.05.2012 ਤੋਂ 31.07. 2014 ਦੇ ਵਿਚਕਾਰ ਹੋਣੀ ਚਾਹੀਦੀ ਹੈ । ਗਿਆਰਵੀ ਜਮਾਤ ਲਈ ਭਰਨ ਦੇ ਚਾਹਵਾਨ ਪ੍ਰੀਖਿਆਰਥੀ ਦੀ ਉਮਰ 01.06.2010 ਤੋਂ 31.07. 2012 ਦੇ ਵਿਚਕਾਰ ਹੋਣੀ ਚਾਹੀਦੀ ਹੈ । ਨੌਵੀ ਜਮਾਤ ਵਿੱਚ ਦਾਖਲਾ ਲੈਣ ਵਾਲੇ ਪ੍ਰੀਖਿਆਰਥੀ ਨੇ ਅੱਠਵੀਂ ਜਮਾਤ 2026-27 ਦੌਰਾਨ ਬਠਿੰਡੇ ਜਿਲ੍ਹੇ ਦੇ ਕਿਸੇ ਵੀ ਸਰਕਾਰੀ, ਸਰਕਾਰੀ ਸਹਾਇਤਾ ਪ੍ਰਾਪਤ ਜਾ ਮਾਨਤਾ ਪ੍ਰਾਪਤ ਸਕੂਲ ਤੋਂ ਬਿਨਾਂ ਫੇਲ੍ਹ ਹੋਏ ਪੂਰਾ ਵਿੱਦਿਅਕ ਸ਼ੈਸ਼ਨ ਲਾ ਕੇ ਪਾਸ ਕੀਤੀ ਹੋਵੇ ਤੇ ਗਿਆਰਵੀ ਵਿਚ ਦਾਖਲਾ ਲੈਣ ਵਾਲੇ ਨੇ ਦਸਵੀ ਜਮਾਤ 2026-27 ਦੌਰਾਨ ਬਠਿੰਡੇ ਜਿਲ੍ਹੇ ਦੇ ਕਿਸੇ ਵੀ ਸਰਕਾਰੀ, ਸਰਕਾਰੀ ਸਹਾਇਤਾ ਪ੍ਰਾਪਤ ਜਾ ਮਾਨਤਾ ਪ੍ਰਾਪਤ ਸਕੂਲ ਤੋਂ ਬਿਨਾਂ ਫੇਲ੍ਹ ਹੋਏ ਪੂਰਾ ਵਿੱਦਿਅਕ ਸ਼ੈਸ਼ਨ ਲਾ ਕੇ ਪਾਸ ਕੀਤੀ ਹੋਵੇ। ਵਿਦਿਆਰਥੀ ਬਠਿੰਡੇ ਜਿਲ੍ਹਾ ਦਾ ਵਸਨੀਕ ਹੋਣਾ ਚਾਹੀਦਾ । ਆਨਲਾਈਨ ਫਾਰਮ ਭਰਨ ਦੀ ਅੰਤਿਮ ਮਿਤੀ 30.09.2026 ਹੈ । ਆਨਲਾਈਨ ਫਾਰਮ ਭਰਨ ਲਈ ਬਠਿੰਡੇ ਜਿਲ੍ਹੇ ਦਾ ਰਿਹਾਇਸ਼ੀ ਸਰਟੀਫਿਕੇਟ ਹੋਣਾ ਚਾਹੀਦਾ ਹੈ । ਨੌਵੀਂ ਤੇ ਗਿਆਰਵੀਂ ਦੀ ਇਹ ਪ੍ਰਵੇਸ਼ ਪ੍ਰੀਖਿਆ 10.04.2027, ਦਿਨ ਸ਼ਨੀਵਾਰ ਨੂੰ ਹੋਵੇਗੀ ।

ਆਪ ਜੀ ਆਪਣੇ ਅਧੀਨ ਪੈਂਦੇ ਸਕੂਲਾਂ ਨੂੰ ਸੂਚਿਤ ਕਰਨ ਦੀ ਕਿਰਪਾਲਤਾ ਕਰਨੀ ਜੀ ਤਾਂ ਜੋ ਵੱਧ ਤੋਂ ਵੱਧ ਫਾਰਮ ਭਰੇ ਜਾ ਸਕਣ ।

[signature]
ਪ੍ਰਿੰਸੀਪਲ
ਜਵਾਹਰ ਨਵੋਦਿਆ ਵਿਦਿਆਲਿਆ,
ਤਿਉਣਾ ਪੁਜਾਰੀਆਂ (ਬਠਿੰਡਾ)

ਉਤਾਰਾ : ਬੀ.ਪੀ.ਈ.ਓ ਭਗਤਾ ਭਾਈ, ਬੀ.ਪੀ.ਈ.ਓ ਰਾਮਪੁਰਾ, ਬੀ.ਪੀ.ਈ.ਓ ਬਠਿੰਡਾ, ਬੀ.ਪੀ.ਈ.ਓ ਸੰਗਤ, ਬੀ.ਪੀ.ਈ.ਓ ਗੋਨਿਆਨਾ, ਬੀ.ਪੀ.ਈ.ਓ ਤਲਵੰਡੀ ਸਾਬੋ, ਬੀ.ਪੀ.ਈ.ਓ ਮੌੜ ।

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ. ਸਿ) ਬਠਿੰਡਾ ਪੱਤਰ ਨੰ ਸ-7/996
ਉਪਰੋਕਤ ਦਾ ਉਤਾਰਾ ਜ਼ਿਲ੍ਹਾ ਬਠਿੰਡਾ ਦੇ ਸ/ਸ, ਸ/ਮ, ਮਾ/ਮਾ ਸਕੂਲਾਂ ਨੂੰ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

[signature] 7/9/2026
ਜ਼ਿ. ਸਿ. ਅ (ਸੈ. ਸਿ)
ਬਠਿੰਡਾ